ਵਲੋ: ਵਣ ਮੰਡਲ ਅਫਸਰ,
ਦਸੂਹਾ।

ਵਿਖੇ,

Reliance Jio,
Infocomm Limited ,
C-I 35, Ph-8 Mohali-160055

ਨੰਬਰ 302 ਮਿਤੀ 26/4/2016

ਵਿਸ਼ਾ: Permission regarding for the laying of Optical Fiber Cable along the routes.

ਹਵਾਲਾ: ਆਪ ਦਾ ਪੱਤਰ ਨੰਬਰ 012 ਮਿਤੀ 06-04-2016

-*-

ਉਪਰੋਕਤ ਵਿਸ਼ੇ ਦੇ ਸਬੰਧੀ ਵਿੱਚ ਵਣ ਰੇਂਜ ਅਫਸਰ ਦਸੂਹਾ ਅਤੇ ਮੁਕੇਰੀਆ ਵਲੋ ਰਿਪੋਟ ਕੀਤੀ ਗਈ ਹੈ ਕਿ ਇਸ ਆਪਟੀਕਲ ਫਾਈਬਰ ਕੇਬਲ ਜਲੰਧਰ- ਪਠਾਨਕੋਟ ਰੋਡ ਕਿਲੋ ਮੀਟਰ 56.100 ਤੋ 84.900 ਖ/ਪ ਤੇ ਕੁੱਲ 28800 ਮੀਟਰ ਵਿਛਾਉਣ ਨਾਲ ਵਣ ਵਿਭਾਗ ਦਾ 1.296 ਹੈਕਟਰ ਰਕਬਾ ਪ੍ਰਭਾਵਿਤ ਹੋਵੇਗਾ। ਇਸ ਪ੍ਰਭਾਵਿਤ ਹੋਣ ਵਾਲੇ ਵਣ ਰਕਬੇ ਵਿੱਚ ਜੇਕਰ ਕੋਈ ਪਲਾਂਟੇਸ਼ਨ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਨੁਕਸਾਨ ਦੀ ਪੂਰਤੀ ਲਈ 25/-ਰੁਪਏ ਮੀਟਰ ਦੇ ਹਿਸਾਬ ਨਾਲ 28800 ਮੀਟਰ ਦੀ ਬਣਦੀ ਰਕਮੰ 720000/- ਰੁਪਏ ਦੀ ਬੈਂਕ ਗਰੰਟੀ ਇੱਕ ਸਾਲ ਲਈ ਵਣ ਮੰਡਲ ਅਫਸਰ ਦਸੂਹਾ ਦੇ ਨਾਮ ਤੇ ਪਲੈਜ ਕਰਵਾਈ ਜਾਵੇ। ਇਸ ਤੋ ਇਲਾਵਾ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ 50/- ਰੁਪਏ ਵਰਗ ਮੀਟਰ ਦੇ ਹਿਸਾਬ ਨਾਲ ਪ੍ਰੋਸੈਸਿੰਗ ਫੀਸ 12960 ਵਰਗ ਮੀਟਰ ਦੀ ਬਣਦੀ ਰਕਮ 648000/-ਰੁਪਏ ਪੰਜਾਬ ਨੈਸ਼ਨਲ ਬੈਂਕ, ਸੈਕਟਰ-9 ਚੰਡੀਗੜ੍ਹ ਦੇ ਗਰੀਨਿੰਗ ਪੰਜਾਬ ਫੰਡ ਦੇ ਖਾਤਾ ਨੰਬਰ 1488000101175523 ਵਿੱਚ ਜਮਾਂ ਕਰਵਾ ਕੇ ਰਸੀਦ ਮੰਡਲ ਦਫਤਰ ਭੇਜੀ ਜਾਵੇ ਅਤੇ 1000/- ਰੁਪਏ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ ਵਜੋਂ ਜਮਾਂ ਕਰਵਾਈ ਜਾਵੇ। ਜਦੋ ਤੱਕ ਆਪ ਵਲੋ ਇਹ ਰਕਮ ਜਮਾਂ ਨਹੀ ਕਰਵਾਈ ਜਾਂਦੀ ਉਦੋਂ ਤੱਕ ਉਕਤ ਕੇਸ ਤੇ ਕੋਈ ਅਗਲੀ ਕਾਰਵਾਈ ਨਹੀ ਕੀਤੀ ਜਾ ਸਕਦੀ।

ਉਕਤ ਤੋ ਇਲਾਵਾ ਨੈਸਨਲ ਹਾਈਵੇ ਅਥਾਰਟੀ ਆਫ ਇੰਡੀਆ ਦੀ ਐਨ.ਓ.ਸੀ ਅਤੇ ਸਡਿਊਲਡ ਟ੍ਰਾਇਬਜ ਦਾ ਇਤਰਾਜਹੀਣਤਾ ਸਰਟੀਫਿਕੇਟ , ਪ੍ਰੋਫਾਰਮਾ-1, ਡਿਸਟ੍ਰਿਕ ਮੈਪ, ਸਾਈਟ ਪਲੈਨ ਅਤੇ ਲੋੜੀਦੇ ਦਸਤਾਵੇਜ ਚਾਰ ਪੜ੍ਹਤਾਂ ਵਿੱਚ Forestclearance.nic.in Web Site ਅਤੇ ਆਨ ਲਾਈਨ ਕਰਨ ਉਪਰੰਤ ਇਸ ਦਫਤਰ ਨੂੰ ਭੇਜੇ ਜਾਣ ਤਾਂ ਜੋ ਆਪ ਦਾ ਕੇਸ ਉੱਚ ਅਧਿਕਾਰੀਆਂ ਨੂੰ ਪ੍ਰਵਾਨਗੀ ਲਈ ਭੇਜਿਆ ਜਾ ਸਕੇ।

ਵਣ ਮੰਡਲ ਅਫਸਰ,
ਦਸੂਹਾ।